# ANGEL'S PUBLIC SCHOOL

Strive for Perfection

## SAMPLE PAPER

**PERIODIC TEST – II    SESSION 2025 – 26**

**CLASS – IX**

**TIME : 1. 30 MIN.**    **SUBJECT : PUNJABI**    **M.M = 40**

**ਭਾਗ - ਉਪੜਨ - ਕੌਸ਼ਲ (ਅਣਡਿੱਠਾ - ਪੈਰਾ)** **[10]**

**(ੳ) ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜੋ ਅਤੇ ਹੇਠਾਂ ਦਿੱਤ ਪ੍ਰਸ਼ਨਾਂ ਦੇ ਸਹੀ ਉੱਤਰ ਦਿਓ :-** (7)

ਲੇਖ ਲਿਖਣਾ ਸੱਚ-ਮੁੱਚ ਇੱਕ ਸਾਹਿਤਕ ਹੁਨਰ ਜਾਂ ਕਲਾ ਹੈ। ਦਿਸਣ ਨੂੰ ਤਾਂ ਲੇਖ ਲਿਖਣਾ ਕੋਈ ਮੁਸ਼ਕਲ ਕੰਮ ਨਹੀਂ ਦਿੱਸਦਾ, ਪਰ ਅਸਲ ਵਿੱਚ ਇਹ ਬਾਕੀ ਸਾਹਿਤ ਦੇ ਅੰਗਾਂ ਨਾਲ਼ੋਂ ਕਾਫ਼ੀ ਮੁਸ਼ਕਲ ਹੈ। ਇਸ ਲਈ ਕੇਵਲ ਉਸ ਚੀਜ਼ ਦੀ ਹੀ ਲੋੜ ਨਹੀਂ ਕਿ ਲਿਖਾਰੀ ਨੂੰ ਉਸੇ ਵਿਸ਼ੇ ਬਾਰੇ ਪੂਰਾ-ਪੂਰਾ ਗਿਆਨ ਹੋਵੇ ਜਿਸ ਬਾਰੇ ਕਿ ਉਸ ਨੇ ਲੇਖ ਲਿਖਣਾ ਅਰੰਭ ਕੀਤਾ ਹੈ, ਸਗੋਂ ਉਸ ਨਾਲੋਂ ਵੀ ਵਧੇਰੇ ਲੋੜ ਉਸ ਹੁਨਰ ਜਾਂ ਕਲਾ ਦੀ ਹੈ ਜਿਸ ਰਾਹੀਂ ਕਿ ਉਹ ਆਪਣੇ ਗਿਆਨ ਨੂੰ ਸਰਲਤਾ ਨਾਲ਼ ਸਾਹਿਤ ਪਾਠਕ ਤੱਕ ਪੁਚਾ ਸਕੇ, ਕਿਉਂਕਿ ਸਾਹਿਤ ਦੇ ਇਸ ਅੰਗ ਵਿੱਚ ਗਿਆਨ ਬਾਕੀ ਦੇ ਅੰਗਾਂ ਨਾਲ਼ੋਂ ਕੁਝ ਵਧੇਰੇ ਹੁੰਦਾ ਹੈ। ਇਸ ਲਈ ਬੜਾ ਡਰ ਹੁੰਦਾ ਹੈ ਕਿ ਸਾਰੀ ਚੀਜ਼ ਫਿਕੀ-ਫਿਕੀ ਜਿਹੀ ਨਾ ਹੋ ਜਾਵੇ, ਕਿਉਂਕਿ ਜੇ ਲੇਖ ਵਿੱਚ ਫਿਕਾਪਨ ਆ ਗਿਆ ਤਾਂ ਪਾਠਕ ਪੜ੍ਹਨ ਹੀ ਨਹੀਂ ਲੱਗਦੇ। ਹਰ ਇੱਕ ਹੁਨਰ ਅਭਿਆਸ ਨਾਲ਼ ਆਉਂਦਾ ਹੈ। ਕਿਤਾਬਾਂ ਵਿੱਚੋਂ ਹੁਨਰੀ ਸਿੱਖਿਆ ਪੜ੍ਹ ਲੈਣ ਜਾਂ ਕਿਸੇ ਨੂੰ ਕੋਈ ਹੁਨਰੀ ਕਾਰਜ ਕਰਦਿਆਂ ਵੇਖਦੇ ਰਹਿਣ ਨਾਲ਼ ਨਹੀਂ ਆ ਸਕਦਾ। ਲਿਖਾਈ ਨੂੰ ਹੀ ਲੈ ਲਵੋ। ਕਈ ਵਿਦਿਆਰਥੀ ਅਜਿਹੀ ਸੁੰਦਰ ਲਿਖਾਈ ਕਰਦੇ ਹਨ ਜਿਵੇਂ ਮੋਤੀਆਂ ਦੀਆਂ ਲੜੀਆਂ ਪਰੋਤੀਆਂ ਹੁੰਦੀਆਂ ਹਨ, ਪਰ ਕਈ ਬੀ.ਏ., ਐੱਮ.ਏ. ਪਾਸ ਵੀ ਅਜਿਹੀ ਲਿਖਾਈ ਕਰਦੇ ਹਨ ਜਿਵੇਂ ਛੋਟੀਆਂ ਜਮਾਤਾਂ ਦੇ ਬੱਚੇ। ਜਿਹੜੇ ਵਿਦਿਆਰਥੀ ਹਰ ਰੋਜ਼ ਲਿਖਣ ਦਾ ਅਭਿਆਸ ਨਹੀਂ ਕਰਦੇ ਉਹ ਭਾਵੇਂ ਕਿਤਨੀਆਂ ਪੁਸਤਕਾਂ ਪੜ੍ਹ ਲੈਣ, ਉਹ ਸੁੰਦਰ ਲਿਖਾਈ ਨਹੀਂ ਕਰ ਸਕਦੇ। ਇਹੋ ਹਾਲ ਚਿੱਤਰਕਾਰੀ, ਫ਼ੋਟੋਗਰਾਫ਼ੀ, ਰਸੋਈ ਤੇ ਹੋਰ ਦਸਤਕਾਰੀ ਸੰਬੰਧੀ ਹੈ।

ਉਪਰੋਕਤ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਦਿੱਤੇ ਹੋਏ ਪ੍ਰਸ਼ਨਾਂ ਦੇ ਉੱਤਰ ਦਿਓ–

ਪ੍ਰਸ਼ਨ 1. ਕਿਹੜਾ ਸਾਹਿਤ ਰੂਪ ਲਿਖਣਾ ਵਧੇਰੇ ਔਖਾ ਹੈ ? **(2)**

ਪ੍ਰਸ਼ਨ 2. ਸਾਹਿਤ ਲਿਖਣ 'ਚ ਹੁਨਰ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ ? **(2)**

ਪ੍ਰਸ਼ਨ 3. ਅਭਿਆਸ ਕਿਹੜੀਆਂ-ਕਿਹੜੀਆਂ ਕਲਾਵਾਂ ਲਈ ਜ਼ਰੂਰੀ ਹੈ ? **(2)**

ਪ੍ਰਸ਼ਨ 4. ਪੈਰੇ ਦਾ ਢੁਕਵਾਂ ਸਿਰਲੇਖ ਲਿਖੋ। **(1)**

**(ਅ) ਹੇਠ ਲਿਖੇ ਕਾਵਿ - ਟੁਕੱੜੀ ਨੂੰ ਪੜੋ ਅਤੇ ਹੇਠਾਂਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰਦਿਓ :-** (3)

ਦੀਵਾਲੀ ਮਨਾਓ ਸਾਲੋਂ ਸਾਲ, ਪ੍ਰਦੂਸ਼ਣ ਦਾ ਰੱਖੋ ਖਿਆਲ।
ਸਭਨਾਂ ਨੂੰ ਇਹ ਆਖ ਸੁਣਾਈਏ। ਆਤਿਸ਼ਬਾਜ਼ੀ ਨਾ ਚਲਾਈਏ।
ਪਰ ਬਿਜਲੀ ਦਾ ਸਰਫ਼ਾ ਕਰੀਏ। ਕੋਈ ਨਾ ਭੈੜੀ ਵਾਦੀ ਪਾਈਏ।
ਜੂਏ ਦੇ ਨਾ ਨੇੜੇ ਜਾਈਏ।

**ਪ੍ਰਸ਼ਨ 1. ਪ੍ਰਦੂਸ਼ਣ ਦਾ ਖ਼ਿਆਲ ਕਿਵੇਂ ਰੱਖਿਆ ਜਾ ਸਕਦਾ ਹੈ ?**

**ਪ੍ਰਸ਼ਨ 2. ਸਾਰਿਆਂ ਨੂੰ ਕੀ ਸੁਨੇਹਾ ਦੇਣਾ ਚਾਹੀਦਾ ਹੈ ?**

**ਪ੍ਰਸ਼ਨ 3. ਕਿਹੜੀ ਭੈੜੀ ਵਾਦੀ ਨਹੀਂ ਪੈਣ ਦੇਣੀ ਚਾਹੀਦੀ ?**

## <u>ਭਾਗ - ਅ</u> (ਵਿਆਕਰਨ) [16]

**(ਏ) ਵਿਰੋਧੀ ਸ਼ਬਦਾਂ ਨਾਲ ਸੰਬੰਧਿਤ ਬਹੁਵਿਕਲਪੀ ਪ੍ਰਸ਼ਨ । (ਕੋਈ ਦੋ ਕਰੋ)** (2)

**(1)** ''ਨਵੀਨ'' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ :-

(ੳ) ਵਧੀਆ (ਅ) ਨਵਾਂ (ੲ) ਪੁਰਾਤਨ (ਸ) ਨਮੂਨਾ

**(2)** ਕਿਹੜਾ ਸ਼ਬਦ ''ਚੰਗਾ'' ਸ਼ਬਦ ਦਾ ਵਿਰੋਧੀ ਨਹੀਂ ਹੈ ?

(ੳ) ਮੰਦਾ (ਅ) ਭੈੜਾ (ੲ) ਮਾੜਾ (ਸ) ਸੋਹਣਾ

**(3)** ਭਾਗ ਸ਼ਬਦ ਦਾ ਵਿਰੋਧੀ ਸ਼ਬਦ ਚੁਣੋ :-

(ੳ) ਹੌਲਾ (ਅ) ਮੋਟਾ (ੲ) ਭਾਰਾਪਣ (ਸ) ਬਹੁਤ

**(ਸ) ਹੇਠਾ ਦਿੱਤੇ <u>ਲਕੀਰੇ ਸ਼ਬਦਾਂ</u> ਦੇ ਲਿੰਗ ਬਦਲ ਕੇ ਖਾਲੀ ਥਾਂਵਾਂ ਭਰੋ :-** (1.5)

**(1)** ਮੱਝਾ ਘਾਹ ਚਰ ਰਹੀਆਂ ਹਨ ਅਤੇ __________ ਬੈਠੇ ਹਨ ।

(1) ਬਲ਼ਦ (2) ਝੋਟੇ (3) ਗਾਵਾਂ (4) ਝੋਟਾ

**(2)** ਤੋਤੇ ਉੱਡ ਗਏ ਤੇ________ ਬੈਠੀਆਂ ਰਹੀਆਂ ।

(1) ਤੋਤਾ (2) ਤੋਤੀ (3) ਤੋਤੀਆਂ (4) ਤੋਤਿਆਂ

**(3)** ਹੇਠ ਲਿਖਿਆਂ ਵਿਚੋਂ ਇਸਤਰੀ ਲਿੰਗ ਸ਼ਬਦ ਚੁਣੋ ।

(1) ਨਾਨਾ, ਚਾਚਾ (2) ਪਿਤਾ,ਦਾਦਾ (3) ਹਾਥੀ, ਘੋੜਾ (4) ਮੋਰਨੀ, ਘੋੜੀ, ਜੱਟੀ

**(ਹ) ਵਿਸ਼ਮਿਕ ਨਾਲ ਸੰਬੰਧਿਤ ਬਹੁਵਿਕਲਪੀ ਪ੍ਰਸ਼ਨ । (ਕੋਈ ਦੋ ਕਰੋ)** (2)

**(1)** ਮਨ ਦੀ ਖੁਸ਼ੀ, ਗਮੀ, ਹੈਰਾਨੀ ਆਦਿ ਭਾਵ ਪ੍ਰਗਟ ਕਰਨ ਵਾਲੇ ਸ਼ਬਦਾਂ ਨੂੰ ਕੀ ਕਿਹਾ ਜਾਂਦਾ ਹੈ ?

(ੳ) ਪੜਨਾਂਵ (ਅ) ਵਿਸਮਿਕ (ੲ) ਸੰਬੰਧਕ (ਸ) ਵਿਸ਼ੇਸਣ

**(2)** ''ਖਬਰਦਾਰ'' ਕਿਹੜਾਵਿਸਮਿਕ ਹੈ ?

(ੳ) ਸੂਚਨਾਵਾਚਕ (ਅ) ਪ੍ਰਸੰਸਾਵਾਚਕ (ੲ) ਖੁਸੀਵਾਚਕ (ਸ) ਸਤਿਕਾਰਵਾਚਕ

**(3)** ਵਿਸਮਿਕ ਸ਼ਬਦ ਚੁਣੋ -

(ੳ) ਦਾ, ਦੇ ਦੀ (ਅ) ਤੇ, ਅਤੇ (ੲ) ਪਰ, ਕਿਓਂਕਿ (ਸ) ਕਾਸ਼, ਸ਼ਾਬਸ਼, ਬੱਲੇ ਬੱਲੇ

**(ਕ) ਅਸ਼ੁੱਧ - ਸ਼ੁੱਧ ਸ਼ਬਦਾਂ ਨਾਲ ਸੰਬੰਧਤ ਬਹੁਵਿਕਲਪੀ ਪ੍ਰਸ਼ਨ ।** (1.5)

**(1)**________ਬਹੁਤ ਗਰਮ ਹੈ।

(ੳ) ਪਾਅਣੀ (ਅ) ਪਾਨੀ (ੲ) ਪਾਣੀ (ਸ) ਪਾਅਨੀ

**(2)**________ਦੇ ਕੰਡੇ ਨੇ ਮੇਰੀ ਜਾਨ ਕੱਢ ਦਿੱਤੀ ।

(ੳ) ਕਿੱਕਰ (ਅ) ਕਿਕਰ (ੲ) ਕੀਕਰ (ਸ) ਕਿਕਰੀ

**(3)**ਦਰਵਾਜ਼ੇ ਉੱਤੇ ________ ਦੇ ਦੋ ਕੋਟ ਕਰਵਾਇਆ ਜੇ ।

(ੳ) ਰੋਗਨ (ਅ) ਰੌਗਨ (ੲ) ਰੋਘਨ (ਸ) ਰੌਘਨ

**(ਖ) ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਵਿਕਲਪ ਤੇ ($\surd$) ਟਿੱਕਕਰੋ :-** (2)

**(1)** ਹੇਠ ਲਿਖੇ ਸ਼ਬਦਾਂ ਵਿੱਚੋ ੱਕਿਰਿਆ ਚੁਣੋ :-

(ੳ) ਕਾਂ, ਚਿੜੀ (ਅ) ਕੌਣ ਕੀ (ੲ) ਲੜਕਾ, ਲੜਕੀ (ਸ) ਹੱਸਦੇ, ਖੇਡਦੇ, ਨੱਚਦੇ

**(2)** ਜਿਸ ਵਾਕ ਵਿੱਚ ਕਰਮ ਨਾ ਹੋਵੇ ਕੇਵਲ ਕਰਤਾ ਹੋਵੇ, ਉੱਥੇ ਕਿਹੜੀ ਕਿਰਿਆ ਹੋਵੇਗੀ ?

(ੳ) ਸਕਰਮਕ - ਕਿਰਿਆ (ਅ) ਅਕਰਮਕ - ਕਿਰਿਆ (ੲ) ਸਹਾਇਕ - ਕਿਰਿਆ (ਸ) ਮੁੱਖ - ਕਿਰਿਆ

**(3)** ਬੱਚੇ ਕ੍ਰਿਕਟ ਖੇਡ ਰਹੇ ਹਨ । ਵਾਕ ਵਿੱਚ ਕਿਹੜੀ ਕਿਰਿਆ ਹੈ ?

(ੳ) ਸਕਰਮਕ (ਅ) ਅਕਰਮਕ (ੲ) ਸਹਾਇਕ (ਸ) ਮੁੱਖ

**(4)** ''ਮੁੰਡੇ ਖੇਡਦੇ ਹਨ'' ਵਿੱਚ ਕਿਹੜੀ ਕਿਰਿਆ ਹੈ ?

(ੳ) ਅਕਰਮਕ (ਅ) ਸਕਰਮਕ (ੲ) ਸਹਾਇਕ (ਸ) ਮੁੱਖ

**(ਗ) ਕੋਈ ਤਿੰਨ ਮੁਹਾਵਰੇ ਵਾਕਾਂ ਵਿੱਚ ਵਰਤੋ :-** (3x1=3)

(1) ਉੱਘ - ਸੁੱਘ ਨਾ ਮਿਲਨਾ (2) ਸਿਰੇ ਚੜ੍ਹਨਾ (3) ਇੱਕ ਮੁੱਠ ਹੋਣਾ (4) ਅੱਖਾਂ ਮਟਕਾਉਣਾ

**ਪ੍ਰਭਾਵਸਾਲੀ ਲਿਖਣ ਕੌਸਲ**

**(ਘ) ਕਿਸੇ ਇਕ ਵਿਸ਼ੇ ਤੇ ਲੇਖ ਲਿਖੋ :-** (4)

**(1) ਵਿਦਿਆਰਥੀਆਂ ਵਿੱਚ ਵੱਧ ਰਿਹਾ ਫੈਸ਼ਨ**

**ਨੁਕਤੇ:-**ਭੂਮਿਕਾ, ਜੀਵਨਵਿਧੀ ਅਤੇ ਫੈਸ਼ਨ, ਵਿਦਿਆਰਥੀ ਵਰਗ ਅਤੇ ਫੈਸ਼ਨ, ਪਹਿਰਾਵੇ ਵਿੱਚ ਫੈਸਨ, ਖੁਰਾਕ ਵਿੱਚ ਫੈਸ਼ਨ, ਬੋਲਚਾਲ ਵਿੱਚ ਫੈਸਨ, ਅਨੁਸ਼ਾਸਨਹੀਣਤਾ, ਕਾਰਨ, ਨੁਕਸਾਨ, ਸਾਰਾਂਸ਼ ।

**(2) ਦੇਸ ਪਿਆਰ**

**ਨੁਕਤੇ :-** ਭੂਮਿਕਾ, ਦੇਸ਼ ਪਿਆਰ ਦਾ ਮੁੱਢ, ਦੇਸ ਪਿਆਰ ਲਈ ਕੁਰਬਾਨੀ, ਦੇਸ਼ ਪਿਆਰ ਦੇ ਰੂਪ, ਗੁਰੂ ਸਾਹਿਬਾਨ ਦਾ ਦੇਸ਼ ਪਿਆਰ, ਦੇਸ ਸੇਵਾ ਕੁਰਬਾਨੀ ਹੈ ਦਿਖਾਵਾ ਨਹੀਂ, ਕੁਦਰਤੀ ਜਜ਼ਬ, ਸਾਰਾਸ਼ ।

**(3) ਦੀਵਾਲੀ**

**ਨੁਕਤੇ :-** ਭੂਮਿਕਾ, ਅਰਥ, ਕੌਮੀ ਤਿਉਹਾਰ, ਨਿਸਚਿਤ ਸਮਾਂ, ਹਿਦੂੰਆਂ ਸਿੱਖਾਂ ਦਾ ਸਾਂਝਾ ਤਿਉਹਾਰ, ਹੋਰ ਇਤਿਹਾਸ, ਦੀਵਾਲੀ ਦੀ ਤਿਆਰੀ ਬਜਾਰਾਂ ਦੀ ਸਜ - ਸਜਾਵਟ, ਦੀਵਾਲੀ ਵਾਲੀ ਰਾਤ ਦਾ ਦ੍ਰਿਸ਼, ਅੰਮ੍ਰਿਤਸਰ ਦੀ ਦੀਵਾਲੀ, ਲੱਛਮੀ ਪੂਜਾ, ਪਵਿੱਤਰਤਾ ਬਣਾਈ ਰੱਖਣ ਦੀ ਲੋੜ ।

**ਭਾਗ - ੲ (ਪਾਠ - ਪੁਸਤਕ)**

**(ਙ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :- (ਕੋਈ ਤਿੰਨ ਕਰੋ )** (3x1=3)

(1) 'ਮਾਤਾ ਗੁਜਰੀ ਜੀ' ਕਵਿਤਾ ਵਿੱਚ ਆਏ ਸ਼ਬਦ 'ਚੰਦਾਂ ਦੀਆਂ ਘੋੜੀਆਂ' ਤੋਂ ਕੀ ਭਾਵ ਹੈ ?

(2) ਕਿਹੜੀ ਤਹਿਜੀਬ ਨੇ ਸਾਨੂੰ ਸੁੱਕਣੇ ਪਾ ਦਿੱਤਾ ਹੈ ?

(3) ਕਵੀ ਨੇ ਕਿਹੜੀ ਤਹਿਜ਼ੀਬ ਨੂੰ ਗੁਲਾਮੀ ਦਾ ਪੱਟਾ ਕਰਾਰ ਦਿੱਤਾ ਹੈ ?

(4) ਸਿਰਜਨਾ ਇਕਾਂਗੀ ਦੇ ਪਾਤਰਾਂ ਦੇ ਨਾਂ ਲਿਖੋ ।

(5) ਨਵੀ ਪੁਰਾਣੀ ਤਹਿਜੀਬ ਕਵਿਤਾ ਦਾ ਕੀ ਕੌਣ ਹੈ ?

**(ਚ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ( 25 ਤੋ 30) ਸ਼ਬਦਾਂ ਵਿੱਚ ਲਿਖੋ - (ਕੋਈ ਤਿੰਨ ਕਰੋ )** (2x3=6)

(1) ਕਿਸ ਤਰ੍ਹਾਂ ਦੇ ਮੌਕਿਆਂ ਤੋਂ ਸਾਨੂੰ ਖੁਸ਼ੀ ਹਾਸਲ ਹੁੰਦੀ ਹੈ ?

(2) ਲੇਖਕ ਦੇ ਨਾਨਕਿਆਂ ਦੇ ਮਾਲੀ ਹਾਲਤ ਕਿਹੋ ਜਿਹੋ ਸਨ ?

(3) ਨਵੀ ਪੁਰਾਣੀ ਤਹਿਜ਼ੀਬ ਕਵਿਤਾ ਤੋਂ ਕੀ ਸਿੱਖਿਆ ਮਿਲ਼ਦੀ ਹੈ ?

(4) ਸਿਰਜਨਾ ਦੀ ਪੇਰਸ਼ਾਨੀ ਦਾ ਕੀ ਕਾਰਨ ਹੈ ?

**(ਛ) ਹੇਠ ਲਿਖੇ ਪ੍ਰਸ਼ਨਾਂ ਵਿਚੋ ਕੋਈ ਦੋ ਉੱਤਰ (50 ਤੋ 60) ਸ਼ਬਦਾਂ ਵਿੱਚ ਦਿਓ :-** (5)

(1) ''ਨਵੀਂ ਪੁਰਾਣੀ ਤਹਿਜ਼ੀਬ'' ਕਵਿਤਾ ਦਾ ਕੇਂਦਰੀ ਭਾਵ ਲਿਖੋ ।

(2) ਖੁਸ਼ੀ ਪ੍ਰਾਪਤ ਕਰਨ ਦਾ ਅਨਮੋਲ ਢੰਗ ਕਿਹੜਾ ਹੈ ?

(3) ਬੱਸ ਕੰਡਕਟਰ ਦਾ ਸੁਭਾਅ ਕਿਹੋ ਜਿਹਾ ਸੀ ?

(4) ਸਿਰਜਨਾ ਇਕਾਂਗੀ ਦਾ ਵਿਸ਼ਾ ਕੀ ਹੈ ?